# Official Spokesperson's statement on the matter of ShriKulbhushanJadhav

July 16, 2020

……………………………………………………………………………

# ਸ਼੍ਰੀ ਕੁਲਭੂਸ਼ਣ ਜਾਧਵ ਦੇ ਮਾਮਲੇ ਬਾਰੇ ਅਧਿਕਾਰਤ ਬੁਲਾਰੇ ਦਾ ਬਿਆਨ

16 ਜੁਲਾਈ, 2020

ਪਿਛਲੇ ਸਾਲ ਦੌਰਾਨ ਭਾਰਤ ਨੇ ਪਾਕਿਸਤਾਨ ਨੂੰ 2016 ਤੋਂ ਇਸਦੀ ਹਿਰਾਸਤ ਵਿੱਚ ਨਜ਼ਰਬੰਦ ਸ਼੍ਰੀ ਕੁਲਭੂਸ਼ਣ ਜਾਧਵ ਨੂੰ ਨਿਰਵਿਘਨ, ਖੁਲੀ ਅਤੇ ਬਿਨਾਂ ਸ਼ਰਤ ਦੇ ਕੌਂਸਲਰ ਪਹੁੰਚ ਪ੍ਰਦਾਨ ਕਰਨ ਲਈ ਬਾਰਾਂ ਵਾਰ ਤੋਂ ਵੱਧ ਬੇਨਤੀ ਕੀਤੀ ਹੈ।

ਇਹ ਕੌਂਸਲਰ ਪਹੁੰਚ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਆਈ.ਸੀ.ਜੇ.) ਵੱਲੋਂ ਜੁਲਾਈ, 2019 ਵਿਚ ਸੁਣਾਏ ਗਏ ਹੁਕਮ ਅਨੁਸਾਰ ਇੱਕ ਪਾਕਿਸਤਾਨੀ ਫੌਜੀ ਟ੍ਰਿਬਿਊਨਲ ਦੁਆਰਾ ਸ਼੍ਰੀ ਜਾਧਵ ਨੂੰ ਦੋਸ਼ੀ ਠਹਿਰਾਏ ਜਾਣ ਅਤੇ ਸਜ਼ਾ ਸੁਣਾਏ ਜਾਣ ਦੀ ਪ੍ਰਭਾਵਸ਼ਾਲੀ ਸਮੀਖਿਆ ਅਤੇ ਮੁੜ ਵਿਚਾਰ ਕਰਨ ਦੀ ਪ੍ਰਕਿਰਿਆ ਦਾ ਅਧਾਰ ਹੈ।

ਮਈ 2020 ਵਿਚ ਪਾਕਿਸਤਾਨ ਨੇ ਆਇੱਕ ਰਡੀਨੈਂਸ ਪਾਸ ਕੀਤਾ, ਜੋ ਉੱਪਰੀ ਤੌਰ 'ਤੇ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਦੇ ਹੁਕਮਾਂ ਦੇ ਅਨੁਸਾਰ ਸੀ। ਹੋਰ ਗੱਲਾਂ ਤੋਂ ਛੁੱਟ ਇਸ ਵਿਚ ਆਪਸੀ ਵਿਚਾਰ ਵਟਾਂਦਰੇ ਅਤੇ ਮੁੜ ਵਿਚਾਰ ਲਈ ਭਾਰਤੀ ਹਾਈ ਕਮਿਸ਼ਨ ਦੇ ਕੌਂਸਲਰ ਅਫਸਰ ਵੱਲੋਂ ਇੱਕ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਨ ਦੀ ਗੱਲ ਕਹੀ ਗਈ ਸੀ। ਉਸ ਸੰਬੰਧ ਵਿੱਚ ਕੌਂਸਲੇਰ ਅਫਸਰ ਅਤੇ ਸ਼੍ਰੀ ਜਾਧਵ ਦੇ ਵਿਚਾਲੇ ਦੇ ਸੰਪਰਕ ਅਤੇ ਗੱਲਬਾਤ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਵਿਚਾਲੇ ਦੀ ਕਿਸੇ ਵੀ ਗੱਲਬਾਤ ਦੌਰਾਨ ਨਿੱਜਤਾ ਅਤੇ ਪਾਕਿਸਤਾਨੀ ਅਧਿਕਾਰੀ ਦੀ ਗ਼ੈਰ - ਮੌਜੂਦਗੀ ਅਤੇ ਉਸਦੀ ਰਿਕਾਰਡਿੰਗ ਨਾ ਹੋਣਾ ਹਰ ਹਾਲ ਜ਼ਰੂਰੀ ਹੈ। ਅਜਿਹਾ ਹੋਣ ਤੇ ਹੀ ਸ਼੍ਰੀ ਜਾਧਵ ਬਦਲਾ ਲਏ ਜਾਣ ਦੀ ਕੋਈ ਚਿੰਤਾ ਕੀਤੇ ਬਿਨਾਂ ਖੁੱਲ੍ਹ ਕੇ ਬੋਲ ਸਕਦੇ ਹਨ, ਕਿਉਂਕਿ ਇਸ ਗੱਲਬਾਤ ਤੋਂ ਬਾਅਦ ਉਹ ਪਾਕਿਸਤਾਨੀ ਹਿਰਾਸਤ ਵਿਚ ਰਹਿਣਗੇ। ਇਹ ਪਹਿਲਾਂ ਹੀ ਸਾਫ ਹੈ ਕਿ ਪਿਛਲੇ ਦਿਨੀਂ ਸਮੀਖਿਆ ਦੀ ਮੰਗ ਕਰਨ ਪ੍ਰਤੀ ਆਪਣੀ ਉਦਾਸੀਨਤਾ ਪ੍ਰਗਟਾਉਣ ਲਈ ਮਜਬੂਰ ਕੀਤੇ ਜਾਣ ਤੋਂ ਛੁੱਟ ਸਮੇਤ ਸ਼੍ਰੀ ਜਾਧਵ ਵਾਰ-ਵਾਰ ਡਰਾਇਆ ਜਾਂਦਾ ਰਿਹਾ ਹੈ।

ਹਾਲ ਵਿੱਚ ਹੀ ਭਾਰਤ ਨੇ ਪਾਕਿਸਤਾਨੀ ਪੱਖ ਨੂੰ 13 ਜੁਲਾਈ 2020 ਨੂੰ ਨਿਰਵਿਘਨ, ਖੁਲੀ ਅਤੇ ਬਿਨਾ ਸ਼ਰਤ ਕੌਂਸਲਰ ਪਹੁੰਚ ਦੇਣ ਦੀ ਬੇਨਤੀ ਕੀਤੀ ਸੀ। ਪਾਕਿਸਤਾਨ ਨੂੰ ਇਹ ਯਕੀਨੀ ਕਰਨ ਲਈ ਕਿਹਾ ਗਿਆ ਸੀ ਕਿ ਇਸ ਮੁਲਾਕਾਤ ਦੌਰਾਨ ਦੇ ਮਾਹੌਲ ਵਿੱਚ ਕੋਈ ਬਦਲਾ ਲਏ ਜਾਣ ਦਾ ਡਰ ਨਾ ਹੋਵੇ ਅਤੇ ਇਸ ਦੌਰਾਨ ਸ਼੍ਰੀ ਜਾਧਵ ਅਤੇ ਭਾਰਤੀ ਕੌਂਸਲਰ ਅਧਿਕਾਰੀਆਂ ਦੇ ਨੇੜੇ ਕੋਈ ਪਾਕਿਸਤਾਨੀ ਅਧਿਕਾਰੀ ਮੌਜੂਦ ਨਾ ਹੋਵੇ। ਪਾਕਿਸਤਾਨ ਨੂੰ ਇਸ ਮੁਲਾਕਾਤ ਦੀ ਵੀਡੀਓ ਅਤੇ ਆਡੀਓ ਰਿਕਾਰਡਿੰਗ ਨਹੀਂ ਕਰਨ ਬਾਰੇ ਵੀ ਬੇਨਤੀ ਕੀਤੀ ਗਈ ਸੀ।

ਵਿਆਪਕ ਵਿਚਾਰ ਵਟਾਂਦਰੇ ਤੋਂ ਬਾਅਦ ਪਾਕਿਸਤਾਨੀ ਪੱਖ ਨੇ 16 ਜੁਲਾਈ 2020 ਨੂੰ ਕੌਂਸਲਰ ਪਹੁੰਚ ਕਰਾਉਣ ਬਾਰੇ ਆਪਣੇ ਤਿਆਰ ਹੋਣ ਦੀ ਗੱਲ ਕਹੀ। ਸਾਨੂੰ ਇਸ ਗੱਲ ਦਾ ਭਰੋਸਾ ਦਿੱਤਾ ਗਿਆ ਸੀ ਕਿ ਇਹ ਕੌਂਸਲਰ ਪਹੁੰਚ ਨਿਰਵਿਘਨ, ਖੁਲੀ ਅਤੇ ਬਿਨਾਂ ਸ਼ਰਤ ਦੇ ਹੋਵੇਗੀ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਪਾਸੋਂ ਦਿੱਤੇ ਗਏ ਇਸ ਭਰੋਸੇ ਦੇ ਅਧਾਰ

'ਤੇ ਹਾਈ ਕਮਿਸ਼ਨ ਦੇ ਦੋ ਕੌਂਸਲਰ ਅਧਿਕਾਰੀ ਸ਼੍ਰੀ ਜਾਧਵ ਨਾਲ ਮੁਲਾਕਾਤ ਕਰਨ ਲਈ ਗਏ। ਪਰ ਅਫ਼ਸੋਸਨਾਕ ਗੱਲ ਹੈ ਕਿ ਨਾ ਤਾਂ ਉਥੋਂ ਦਾ ਮਾਹੌਲ ਅਤੇ ਨਾ ਹੀ ਮੁਲਾਕਾਤ ਦੇ ਪ੍ਰਬੰਧ ਪਾਕਿਸਤਾਨ ਵੱਲੋਂ ਦਿੱਤੇ ਗਏ ਭਰੋਸੇ ਦੇ ਅਨੁਸਾਰ ਸਨ।

ਕੌਂਸਲਰ ਅਫਸਰਾਂ ਨੂੰ ਸ਼੍ਰੀ ਜਾਧਵ ਤੱਕ ਨਿਰਵਿਘਨ, ਖੁਲੀ ਅਤੇ ਬਿਨਾਂ ਸ਼ਰਤ ਦੇ ਪਹੁੰਚ ਪ੍ਰਦਾਨ ਨਹੀਂ ਕੀਤੀ ਗਈ। ਇਸ ਦੇ ਉਲਟ ਭਾਰਤੀ ਧਿਰ ਦੇ ਵਿਰੋਧ ਦੇ ਬਾਵਜੂਦ ਡਰਾਉਣ ਵਾਲੇ ਲਹਿਜ਼ੇ ਵਿਚ ਪਾਕਿਸਤਾਨੀ ਅਧਿਕਾਰੀ ਸ਼੍ਰੀ ਜਾਧਵ ਅਤੇ ਕੌਂਸਲਰ ਅਫਸਰਾਂ ਦੇ ਨੇੜੇ ਹੀ ਮੌਜੂਦ ਰਹੇ। ਉਥੇ ਨਜ਼ਰ ਆ ਰਹੇ ਇਕ ਕੈਮਰੇ ਤੋਂ ਇਹ ਵੀ ਸਾਫ ਹੋ ਗਿਆ ਕਿ ਸ਼੍ਰੀ ਜਾਧਵ ਨਾਲ ਹੋ ਰਹੀ ਗੱਲਬਾਤ ਰਿਕਾਰਡ ਕੀਤੀ ਜਾ ਰਹੀ ਸੀ। ਸ਼੍ਰੀ ਜਾਧਵ ਬਹੁਤ ਤਣਾਅ ਵਿਚ ਨਜ਼ਰ ਆ ਰਹੇ ਸਨ ਅਤੇ ਉਨਾਂ ਕੌਂਸਲਰ ਅਫਸਰਾਂ ਨੂੰ ਇਸ ਗੱਲ ਦਾ ਸਪਸ਼ਟ ਇਸ਼ਾਰਾ ਦਿੱਤਾ। ਕੀਤੇ ਗਏ ਪ੍ਰਬੰਧਾਂ ਅਧੀਨ ਖੁਲੀ ਗੱਲਬਾਤ ਹੋਣਾ ਸੰਭਵ ਨਹੀਂ ਸੀ। ਕੌਂਸਲਰ ਅਧਿਕਾਰੀ ਸ਼੍ਰੀ ਜਾਧਵ ਨਾਲ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਬਾਰੇ ਗੱਲ ਨਹੀਂ ਕਰ ਸਕੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਕਾਨੂੰਨੀ ਨੁਮਾਇੰਦਗੀ ਦਾ ਪ੍ਰਬੰਧ ਕਰਨ ਲਈ ਲਿਖਤੀ ਸਹਿਮਤੀ ਲੈਣ ਤੋਂ ਰੋਕਿਆ ਗਿਆ।

ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਭਾਰਤੀ ਕੌਂਸਲੇਟਰ ਅਧਿਕਾਰੀ ਇਸ ਸਿੱਟੇ ਤੇ ਪਹੁੰਚੇ ਕਿ ਪਾਕਿਸਤਾਨ ਦੁਆਰਾ ਦਿੱਤੀ ਜਾ ਰਹੀ ਕੌਂਸਲਰ ਪਹੁੰਚ ਨਾ ਤਾਂ ਸਾਰਥਕ ਹੈ ਅਤੇ ਨਾ ਹੀ ਭਰੋਸੇਯੋਗ ਹੈ। ਆਪਣਾ ਵਿਰੋਧ ਜਤਾਉਣ ਤੋਂ ਬਾਅਦ ਉਹ ਉਸ ਜਗ੍ਹਾ ਤੋਂ ਚਲੇ ਗਏ।

ਇਹ ਗੱਲ ਸਾਫ ਹੈ ਕਿ ਇਸ ਮਸਲੇ 'ਤੇ ਪਾਕਿਸਤਾਨ ਦਾ ਨਜ਼ਰੀਆ ਅੜਚਨ ਅਤੇ ਗੈਰ -ਇਮਾਨਦਾਰੀ ਵਾਲਾ ਹੈ। ਨਾ ਸਿਰਫ ਇਸ ਨੇ ICJ ਨੂੰ 2019 ਦਾ ਫੈਸਲਾ ਪੂਰੀ ਤਰ੍ਹਾਂ ਲਾਗੂ ਕਰਨ ਬਾਰੇ ਦਿੱਤੇ ਗਏ ਆਪਣੇ ਆਸ਼ਵਾਸਨ ਦੀ ਉਲੰਘਣਾ ਕੀਤੀ ਹੈ, ਬਲਕਿ ਇਸ ਤੋਂ ਛੁੱਟ ਇਸਨੇ ਆਪਣੇ ਖੁਦ ਦੇ ਆਰਡੀਨੈਂਸ ਦਾ ਪਾਲਨ ਵੀ ਨਹੀਂ ਕੀਤਾ ਹੈ.

ਵਿਦੇਸ਼ ਮੰਤਰੀ ਨੇ ਸ਼੍ਰੀ ਜਾਧਵ ਦੇ ਪਰਿਵਾਰ ਨੂੰ ਇਨ੍ਹਾਂ ਘਟਨਾਵਾਂ ਦੀ ਜਾਣਕਾਰੀ ਦਿੱਤੀ ਹੈ।

ਅਸੀਂ ਸ਼੍ਰੀ ਜਾਧਵ ਦੀ ਸੁਰੱਖਿਅਤ ਭਾਰਤ ਵਾਪਸੀ ਨੂੰ ਯਕੀਨੀ ਬਣਾਉਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦੇ ਹਾਂ ਅਤੇ ਅੱਜ ਹੋਈਆਂ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਭਵਿੱਖ ਵਿਚ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਫੈਸਲਾ ਕਰਾਂਗੇ.

ਨਵੀਂ ਦਿੱਲੀ
16 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.